# ਸ਼੍ਰੇਣੀ ਪੰਜਵੀਂ
# ਵਾਤਾਵਰਨ ਸਿੱਖਿਆ

ਸਮਾਂ-3 ਘੰਟੇ

ਲਿਖਤੀ ਅੰਕ:80

ਸੀ.ਸੀ.ਈ ਅੰਕ.:20

ਕੁੱਲ ਅੰਕ:100

**ਪੇਪਰ ਪੈਟਰਨ ਅਤੇ ਅੰਕਾਂ ਦੀ ਵੰਡ**

| ਲੜੀ ਨੰਬਰ | ਜਾਂਚ ਵੰਨਗੀ ਦੀ ਕਿਸਮ | ਗਿਣਤੀ | ਕੁੱਲ ਅੰਕ |
|---|---|---|---|
| 1 | ਬਹੁ ਵਿਕਲਪੀ ਚੋਣ | 15 | 15 |
| 2 | ਇੱਕ ਵਾਕ ਤੋਂ ਛੋਟੇ ਉੱਤਰ ਵਾਲੇ ਪ੍ਰਸ਼ਨ | 8×2 | 16 |
| 3 | ਖਾਲੀ ਥਾਵਾਂ ਭਰੋ | 4 | 4 |
| 4 | ਗਲਤ / ਸਹੀ | 4 | 4 |
| 5 | ਮਿਲਾਨ ਕਰੋ | 4 | 4 |
| 6 | ਦਿਮਾਗੀ ਕਸਰਤ | 4 | 4 |
| 7 | ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਦਿੱਤੇ 9 ਪ੍ਰਸ਼ਨਾਂ ਵਿੱਚੋਂ ਕੋਈ 7 ਹੱਲ ਕਰੋ ) | 7×4 | 28 |
| 8 | ਸੁੰਦਰ ਲਿਖਾਈ | | 5 |
| | ਕੁੱਲ ਜੋੜ | | 80 |

## ਪਾਠਾਂ ਅਨੁਸਾਰ ਅੰਕਾਂ ਦੀ ਵੰਡ

| **ਪਾਠ ਨੰ. ਅਤੇ ਨਾਮ** | **ਇੱਕ ਅੰਕਾਂ ਵਾਲੇ ਪ੍ਰਸ਼ਨਾਂ ਦੀ ਗਿਣਤੀ** | **ਦੋ ਅੰਕਾਂ ਵਾਲੇ ਪ੍ਰਸ਼ਨਾਂ ਦੀ ਗਿਣਤੀ** | **ਚਾਰ ਅੰਕਾਂ ਵਾਲੇ ਪ੍ਰਸ਼ਨਾਂ ਦੀ ਗਿਣਤੀ** | **Total marks** |
|---|---|---|---|---|
| 1. ਬਦਲਦੇ ਵਕਤ-ਬਦਲਦੇ ਪਰਿਵਾਰ | | | 1 | 4 |
| 2. ਪਰਵਾਸ | 1 | | 1 | 5 |
| 3. ਪਸੰਦ ਆਪੋ ਆਪਣੀ | 2 | | | 2 |
| 4. ਮਿਹਨਤ ਨਾਲ ਸਫਲਤਾ | 2 | | | 2 |
| 5. ਖੇਡ ਖੇਡ ਵਿੱਚ | | | 1 | 4 |
| 6. ਧਰਤੀ ਸਾਡਾ ਵੀ ਘਰ | 1 | 1 | | 3 |
| 7. ਮਨੁੱਖ ਦੇ ਸਾਥੀ ਜੰਤੂ | 1 | | 1 | 5 |

| | | | | |
|---|---|---|---|---|
| 8. ਬੀਜ ਦਾ ਸਫਰ | 2 | 1 | | 4 |
| 9. ਜੰਗਲ ਅਤੇ ਜੀਵਨ | | | 1 | 4 |
| 10. ਖਾਧ ਪਦਾਰਥਾਂ ਦੀ ਸਾਂਭ ਸੰਭਾਲ | | | 1 | 4 |
| 11. ਵੰਨ ਸੁਵੰਨਾ ਭੋਜਨ | 2 | | | 2 |
| 12. ਭੋਜਨ ਖਾਈਏ ਤੇ ਪਚਾਈਏ | | 1 | | 2 |
| 13. ਤਰੁਟੀ ਰੋਗ | 2 | | | 2 |
| 14. ਕੀਟ ਆਹਾਰੀ ਪੌਦੇ | 2 | | | 2 |
| 15. ਆਵਾਸ ਵਿਭਿੰਨਤਾ | | 1 | 1 | 6 |
| 16. ਸਮੂਹ ਅਤੇ ਸੁਖ | | | 1 | 4 |
| 17. ਪਾਣੀ-ਇੱਕ ਵਡਮੁੱਲਾ ਕੁਦਰਤੀ ਸਾਧਨ | | 1 | 1 | 6 |
| 18. ਪਾਣੀ-ਖੇਤੀ ਦਾ ਆਧਾਰ | | 1 | | 2 |
| 19. ਪਾਣੀ ਅੰਦਰਲੀ ਦੁਨੀਆ | 2 | | | 2 |
| 20. ਧਰਤੀ ਤੋਂ ਅਕਾਸ਼ ਤੱਕ | | 1 | | 2 |
| 21. ਝਲਕ ਬੀਤੇ ਸਮੇਂ ਦੀ | | | 1 | 4 |
| 22. ਕੁਦਰਤੀ ਸ੍ਰੋਤ | 1 | | 1 | 5 |
| 23. ਖੇਤ ਤੋਂ ਪਲੇਟ ਤੱਕ | 3 | | | 3 |
| 24. ਕੰਪਿਊਟਰ ਦੀ ਵਰਤੋਂ | 2 | 1 | | 4 |
| Total marks | 23 | 8×2=16 | 9×4=36 | 75 |

ਉਦੇਸ਼

ਸਿੱਖਿਆਰਥੀ

- ❖ ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ❖ ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ।
- ❖ ਉਹ ਸਵਸਥ ਜੀਵਨ-ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ। ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ❖ ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ❖ ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।

❖ ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।

❖ ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।

❖ ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

## ਪਾਠਕ੍ਰਮ

ਅਧਿਆਇ-1 **ਬਦਲਦੇ ਵਕਤ-ਬਦਲਦੇ ਪਰਿਵਾਰ**: ਆਰਥਕ, ਸਮਾਜਕ ਕਾਰਨਾ ਕਾਰਨ ਪਰਿਵਾਰ ਦੀ ਰਚਨਾ ਅਤੇ ਜੀਵਨ ਦੀ ਗੁਣਵੱਤਾ ਵਿੱਚ ਬਦਲਾਅ, ਪਰਦੇਸਾਂ ਵਿੱਚ ਪਰਵਾਸ, ਪਰਿਵਾਰ ਦੀ ਭੂਮਿਕਾ, ਆਪਸੀ ਸੰਬੰਧਾਂ ਕਦਰਾਂ-ਕੀਮਤਾਂ ਅਤੇ ਇੱਛਾਵਾਂ ਵਿੱਚ ਤਬਦੀਲੀ।

ਅਧਿਆਇ-2 **ਪਰਵਾਸ**: ਪਰਵਾਸ ਕਾਰਨ ਰਹਿਣ ਸਥਾਨ ਵਿੱਚ ਬਦਲਾਅ, ਤਬਾਦਲਾ, ਢਹਾਈ/ਬਰਬਾਦੀ, ਉਦਯੋਗਾਂ ਦਾ ਵਿਕਾਸ ਅਤੇ ਸੰਬੰਧਤ ਔਕੜਾਂ।

ਅਧਿਆਇ-3 **ਪਸੰਦ ਆਪੋ-ਆਪਣੀ**: ਪਰਿਵਾਰ ਦੇ ਮੈਂਬਰਾਂ / ਮਿੱਤਰਾਂ / ਸਕੇ ਸੰਬੰਧੀਆਂ ਦੇ ਸਰੀਰਿਕ ਲੱਛਣਾਂ ਅਤੇ ਗੁਣਾਂ ਬਾਰੇ ਮੁੱਢਲੀ ਜਾਣਕਾਰੀ, ਸੁਆਦ, ਖੁਸ਼ਬੋਆਂ ਅਤੇ ਰੰਗਾਂ ਪ੍ਰਤੀ ਪੰਸਦ-ਨਾਪੰਸਦ, ਵਿਲੱਖਣ ਸਮੱਰਥਾ ਰੱਖਣ ਵਾਲੇ ਵਿਦਿਆਰਥੀਆਂ ਪ੍ਰਤੀ ਸੰਵੇਦਨਸ਼ੀਲਤਾ, ਸੰਕੇਤ ਭਾਸ਼ਾ।

ਅਧਿਆਇ-4 **ਮਿਹਨਤ ਨਾਲ ਸਫ਼ਲਤਾ**: ਖੇਡਾਂ ਦੀਆਂ ਕਿਸਮਾਂ, ਭਾਵਨਾ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਖੇਡਾਂ, ਪੰਸਦੀਦਾ ਖਿਡਾਰੀ, ਵਰਗ-ਪੁਰਸ਼, ਇਸਤਰੀ, ਖੇਡਾਂ ਵਿੱਚ ਰੂੜੀ ਬੱਧਤਾ, ਕੌਮੀ ਖਿਡਾਰੀ, ਖੇਡਾਂ ਵਿੱਚ ਭਾਗ ਲੈਣਾ ਅਤੇ ਸਥਾਨ ਹਾਸਲ ਕਰਨਾ।

ਅਧਿਆਇ-5 **ਖੇਡ-ਖੇਡ ਵਿੱਚ** :ਸਥਾਨਕ ਅਤੇ ਪਰੰਪਰਾਗਤ ਖੇਡਾਂ, ਮਾਰਸ਼ਲ ਆਰਟ, ਸਥਾਨਕ ਖੇਡਾਂ ਦੇ ਬਦਲਦੇ ਰੂਪ, ਆਰਾਮ, ਖੇਡਾਂ ਅਤੇ ਸਰੀਰਿਕ ਤੰਦਰੁਸਤੀ ਦੇ ਬਦਲਦੇ ਰੂਪ, ਸਾਹ ਲੈਣਾ, ਦਿਲ ਦੀ ਧੜਕਨ, ਛਾਤੀ ਫੁਲਾਉਣਾ।

ਅਧਿਆਇ-6 **ਧਰਤੀ ਸਾਡਾ ਵੀ ਘਰ**: ਜਾਨਵਰਾਂ ਵਿੱਚ ਸੰਵੇਦਨਾ ਅਤੇ ਹੋਰ ਗੁਣ, ਮਨੁੱਖ ਨਾਲ ਤੁਲਨਾ, ਜਾਨਵਰਾਂ ਨੂੰ ਖਤਰਾ, ਵਿਦਿਆਰਥੀਆਂ ਵਿੱਚ ਜਾਨਵਰਾਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨਾ।

ਅਧਿਆਇ-7 **ਮਨੁੱਖ ਦੇ ਸਾਥੀ ਜੰਤੂ**: ਜਾਨਵਰ ਅਤੇ ਉਨ੍ਹਾਂ ਦਾ ਮੱਹਤਵ, ਪਦਾਰਥਾਂ ਦੀ ਸ਼ੁੱਧਤਾ, ਰੁਜ਼ਗਾਰ ਵਿੱਚ ਜਾਨਵਰਾਂ ਵਲੋਂ ਮਦਦ।

ਅਧਿਆਇ-8 **ਬੀਜ ਦਾ ਸਫ਼ਰ**: ਬੀਜ ਅਤੇ ਪੌਦੇ ਦੇ ਬਾਕੀ ਭਾਗਾਂ ਤੋਂ ਪੌਦਾ ਉਗਾਉਣਾ, ਜੜ੍ਹ ਅਤੇ ਤਨਾ। ਬੀਜਾਂ ਵਿੱਚ ਭੋਜਨ ਭੰਡਾਰਨ, ਬੀਜਾਂ ਦਾ ਖਿੰਡਰਨਾ।

ਅਧਿਆਇ-9 **ਜੰਗਲ ਅਤੇ ਜੀਵਨ**: ਜੰਗਲ, ਕਬੀਲੇ ਦੇ ਲੋਕ, ਜੰਗਲਾਂ ਦਾ ਮਹੱਤਵ, ਜੰਗਲਾਂ/ ਪੌਦਿਆਂ ਨੂੰ ਬਚਾਉਣਾ, ਵੱਖ-ਵੱਖ ਖੇਤਰਾਂ/ ਦੇਸ਼ਾਂ ਦੇ ਪੌਦੇ, ਵਚਿੱਤਰ ਪੌਦਿਆਂ ਉੱਤੇ ਜਲਵਾਯੂ ਦਾ ਪ੍ਰਭਾਵ।

ਅਧਿਆਇ-10 **ਖਾਦ ਪਦਾਰਥਾਂ ਦੀ ਸਾਭ ਸੰਭਾਲ**: ਭੋਜਨ ਦਾ ਭੰਡਾਰਨ, ਭੰਡਾਰ ਵਿੱਚ ਅਨਾਜ ਦਾ ਖਰਾਬ ਹੋਣਾ, ਭੋਜਨ ਦੀ ਬਰਬਾਦੀ, ਅਚਾਰ ਬਨਾਉਣਾ,

ਅਧਿਆਇ-11 **ਭੋਜਨ ਦੇ ਬਦਲਦੇ ਰੂਪ**: ਬਜ਼ੁਰਗਾਂ ਤੋਂ ਅੱਜ ਦੀ ਪੀੜ੍ਹੀ ਤੱਕ ਭੋਜਨ ਸੰਬੰਧੀ ਆਦਤਾਂ ਵਿੱਚ ਤਬਦੀਲੀ, ਵੱਖ-ਵੱਖ ਖੇਤਰਾਂ/ ਸਭਿਆਚਾਰ ਅਨੁਸਾਰ ਖਾਣ-ਪਾਣ ਦਾ ਵਖਰੇਵਾਂ; ਬਦਲਦੀਆਂ ਫ਼ਸਲਾਂ।

ਅਧਿਆਇ-12 **ਭੋਜਨ ਖਾਈਏ ਤੇ ਪਚਾਈਏ**: ਭੋਜਨ ਦੇ ਵੱਖ-ਵੱਖ ਪੋਸ਼ਕ ਤੱਤ, ਭੋਜਨ ਦਾ ਪਾਚਨ,ਭੋਜਨ ਦੀਆਂ ਕਿਸਮਾਂ।

ਅਧਿਆਇ-13 **ਤਰੁੱਟੀ ਰੋਗ**:- ਸਤੁੰਲਿਤ ਭੋਜਨ: ਪੌਸ਼ਟਿਕਤਾ ਦੀ ਘਾਟ ਕਾਰਨ ਤਰੁੱਟੀ ਰੋਗ, ਭੁੱਖਮਰੀ।

ਅਧਿਆਇ-14 **ਕੀਟ ਆਹਾਰੀ ਪੌਦੇ**: ਪੌਦਿਆਂ ਲਈ ਭੋਜਨ, ਕੀਟ-ਆਹਾਰੀ ਪੌਦੇ, ਭੋਜਨ ਲੜੀ ਅਤੇ ਭੋਜਨ ਜਾਲ ਸੰਬੰਧੀ ਮੁਢਲੀ ਜਾਣਕਾਰੀ।

ਅਧਿਆਇ-15 **ਆਵਾਸ ਵਿੱਚ ਵਿਭਿੰਨਤਾ**: ਜਲਵਾਯੂ ਅਤੇ ਸਥਾਨਕ ਪਦਾਰਥਾਂ ਦੀ ਉਪਲੱਬਧਤਾ ਕਾਰਨ, ਆਰਥਿਕ ਪੱਧਰ ਕਾਰਨ, ਭੋਤਿਕ ਸਥਿਤੀ ਕਾਰਨ, ਸਮੱਗਰੀ ਦੀ ਉਪਲੱਬਧਤਾ ਕਾਰਨ ਵੱਖ-ਵੱਖ ਤਰ੍ਹਾਂ ਦੇ ਘਰ ਅਤੇ ਵਾਤਾਵਰਣ ਪੱਖੀ ਘਰ।

ਅਧਿਆਇ-16 **ਸਮੂਹ ਅਤੇ ਸੁੱਖ**: ਗੁਆਂਢ, ਕੁਦਰਤੀ ਆਫਤਾਂ ਸਮੇਂ ਘਰ ਖੁੱਸਣ ਦਾ ਸਦਮਾ, ਸਮੁਦਾਇਕ ਮਦਦ, ਹਸਪਤਾਲ, ਪੁਲਿਸ ਸਟੇਸ਼ਨ

ਅਧਿਆਇ-17 **ਪਾਣੀ ਇੱਕ ਵੱਡਮੁੱਲਾ ਕੁਦਰਤੀ ਸਾਧਨ**: ਪਾਣੀ ਦੀਆਂ ਵਿਸ਼ੇਸ਼ਤਾਵਾਂ, ਰੂਪ, ਜਲ ਚੱਕਰ, ਘੁਲਣਸ਼ੀਲਤਾ, ਵਸਤਾਂ ਦਾ ਤੈਰਨਾ ਅਤੇ ਡੁੱਬਣਾ, ਸਮਾਜਕ ਵਿਤਕਰਾ।

ਅਧਿਆਇ-18 **ਪਾਣੀ ਖੇਤੀ ਦਾ ਆਧਾਰ**: ਸਿੰਜਾਈ ਦੇ ਸਾਧਨ, ਪੁਰਾਤਨ ਅਤੇ ਆਧੁਨਿਕ, ਹਾੜੀ ਤੇ ਸਾਉਣੀ ਦੀਆਂ ਫ਼ਸਲਾਂ, ਧਰਤੀ ਹੇਠਲੇ ਪਾਣੀ ਦਾ ਬਚਾਅ।

ਅਧਿਆਇ-19 **ਪਾਣੀ ਅੰਦਰਲੀ ਦੁਨੀਆ**: ਪਾਣੀ ਵਿੱਚ ਰਹਿਣ ਵਾਲੇ ਮੁੱਖ ਪੌਦੇ, ਪਾਣੀ ਵਿੱਚ ਰਹਿਣ ਵਾਲੇ ਮੁੱਖ ਜੀਵ ਜੰਤੂ, ਪਾਣੀ ਵਿੱਚ ਰਹਿਣ ਵਾਲੇ ਪੰਛੀ।

ਅਧਿਆਇ-20 **ਧਰਤੀ ਤੋਂ ਆਕਾਸ਼ ਤੱਕ**: ਬਾਲਣ ਦੇ ਵੱਖ-ਵੱਖ ਸੋਮੇ, ਨਾ ਨਵਿਆਉਣਯੋਗ ਸੋਮੇ, ਯਾਤਰਾ, ਸਫਰ ਦੇ ਵੱਖ-ਵੱਖ ਤਜ਼ਰਬੇ।

ਅਧਿਆਇ-21 **ਝਲਕ ਬੀਤੇ ਸਮੇਂ ਦੀ** :ਵਿਰਾਸਤੀ ਇਮਾਰਤਾਂ, ਗਿਆਨ ਦੇ ਸੋਮੇ, ਕਿਵੇਂ ਉਸਾਰੀਆਂ ਗਈਆਂ, ਵਰਤੀ ਗਈ ਸਮੱਗਰੀ, ਕਾਰੀਗਰਾਂ ਦੀ ਨਿਪੁੰਨਤਾ, ਕੁਝ ਇਤਿਹਾਸਤਕ ਸਖੱਸੀਅਤਾਂ।

ਅਧਿਆਇ-22 **ਕੁਦਰਤੀ ਸਰੋਤ**: ਸਿਰਜਣਾਤਮਕਤਾ ਦਾ ਵਧੇਰੇ ਪ੍ਰਗਟਾਅ, ਕੁਦਰਤੀ ਸੋਮਿਆਂ ਦੀ ਲੋੜ ਤੋਂ ਵੱਧ ਵਰਤੋਂ, ਅਜਿਹੀਆਂ ਖੋਜਾਂ ਜੋ ਮਨੁੱਖ ਵੱਲੋਂ ਪਾਈਆਂ ਘਾਟਾਂ ਤੇ ਕਾਬੂ ਪਾ ਕੇ ਸਥਿਤੀ ਬਿਹਤਰ ਬਣਾ ਸਕਣ।

ਅਧਿਆਇ-23 **ਖੇਤ ਤੋਂ ਪਲੇਟ ਤੱਕ**: ਅਨਾਜ ਦੀ ਕਹਾਣੀ-ਖੇਤ ਤੋਂ ਪਲੇਟ ਤੱਕ, ਢੰਗ ਅਤੇ ਸੰਦ, ਅਨਾਜ ਤੋਂ ਬਣੇ ਵੱਖ-ਵੱਖ ਪਕਵਾਣ, ਘਰਾਂ ਜਾਂ ਖੇਤਾਂ ਵਿੱਚ ਪਾਣੀ ਨੂੰ ਧਰਤੀ ਤੋਂ ਉਪਰ ਉਠਾਉਣ ਦੇ ਢੰਗ।

ਅਧਿਆਇ-24 **ਕੰਪਿਊਟਰ ਦੀ ਵਰਤੋਂ**: ਕੰਪਿਊਟਰ ਦੀ ਵੱਖ-ਵੱਖ ਖੇਤਰਾਂ ਵਿੱਚ ਵਰਤੋਂ-ਸਿੱਖਿਆ, ਬੈਂਕ, ਵਪਾਰ, ਘਰ, ਮਨੋਰੰਜਨ, ਸਿਹਤ, ਖੇਡਾਂ।